
ਰੂਹੀ ਪੀੜਾਂ
ਪ੍ਰੀਤ ਸਿੰਘ ਭੱਟੀ
www.PunjabiLibrary.com

# ਰੂਹੀ ਪੀੜਾ

ਨੇਹਾ - ਨਹੀਂ ਮੈਨੂੰ ਨਹੀਂ ਪਤਾ, ਮੈਂ ਪੂਰੇ ਤੋਲੇ ਦੇ ਹੀ ਝੁੱਮਕੇ ਲਵਾਂਗੀ, ਲੈ ਕੇ ਦੇਣੇ ਤਾਂ ਦੇਵੋ ਨਹੀਂ ਤਾ ਮੈਂ ਕੁਝ ਨਹੀਂ ਲੈਣਾ।

ਰਾਹੁਲ - ਯਾਰ ਇਸ ਮਹੀਨੇ ਦੀ ਤਨਖ਼ਾ ਤਾਂ ਫਿਰ ਬਸ ਤੇਰੇ ਝੁੱਮਕਿਆ ਜੋਗੀ ਹੀ ਆ।

ਨੇਹਾ - ਠੀਕ ਆ ਫਿਰ ਮੈਨੂੰ ਨੀ ਕੁਝ ਚਾਹੀਦਾ।

ਐਨਾ ਕਹਿ ਕੇ ਉਹ ਸੁਨਿਆਰੇ ਦੀ ਦੁਕਾਨ ਵਿੱਚੋ ਉੱਠ ਕੇ ਬਾਹਰ ਹੋਣ ਲੱਗੀ ਤਾਂ ਰਾਹੁਲ ਨੇ ਉਸ ਨੂੰ ਬਾਂਹ ਤੋਂ ਫੜ ਲਿਆ ਤੇ ਕਿਹਾ....

ਰਾਹੁਲ - ਨੇਹਾ ਗੁੱਸੇ ਨਾ ਹੋ, ਸਮਝਿਆ ਵੀ ਕਰ।

ਨੇਹਾ - ਪਿਛਲੇ ਦੋ ਸਾਲ ਤੋਂ ਸਮਝ ਹੀ ਰਹੀ ਹਾਂ ਕਦੇ ਕੁਝ ਲੈ ਕੇ ਦਿੱਤਾ ਜੇ। ਨਾਲੇ ਇਸ ਵਾਰ ਤਾਂ ਤੁਹਾਡੀ ਤਨਖ਼ਾ ਵੀ ਵੱਧ ਗਈ ਹੈ ਤੱਦ ਵੀ ਕੰਜੂਸੀ।

ਨੇਹਾ ਰਾਹੁਲ ਨਾਲ ਗੁੱਸੇ ਹੋ ਕੇ ਵੰਨ ਸਵੰਨੇ ਮੂੰਹ ਬਣਾ ਕੇ ਰਾਹੁਲ ਨੂੰ ਪੂਰੇ ਤੋਲੇ ਦੇ ਝੁਮਕੇ ਖਰੀਦਣ ਲਈ ਮਨਾ ਰਹੀ ਸੀ। ਪਰ ਰਾਹੁਲ ਅੱਜ ਵੀ ਕੰਜੂਸੀ ਵਰਤ ਰਿਹਾ ਸੀ। ਭਾਵੇਂ ਅੱਜ ਉਹਨਾਂ ਦੇ ਵਿਆਹ ਦੀ ਸਾਲ ਗਿਰਾ ਹੀ ਸੀ। ਅੰਤ ਰਾਹੁਲ ਨੂੰ ਨੇਹਾ ਦੀ ਜ਼ਿੱਦ ਅੱਗੇ ਝੁੱਕਣਾ ਹੀ ਪਿਆ। ਉਸ ਨੇ ਨੇਹਾ ਨੂੰ ਮਨਾਉਂਦੇ ਹੋਏ ਕਿਹਾ...

ਰਾਹੁਲ - ਚੱਲ ਠੀਕ ਆ ਬਾਬਾ ਲੈ ਲਾ ਜੋ ਤੇਰਾ ਦਿਲ ਕਰਦਾ। ਨਾਲੇ ਜਲਦੀ ਕਰ ਬਾਹਰ ਦੇਖ ਹਨ੍ਹੇਰਾ ਵੀ ਕਿੰਨਾ ਹੋ ਗਿਆ ਹੈ।

ਰਾਹੁਲ ਦੀ ਗੱਲ ਸੁਣ ਕੇ ਨੇਹਾ ਦੇ ਮੁਖੜੇ ਤੇ ਇੱਕ ਅਲਗ ਤਰ੍ਹਾਂ ਦੀ ਖੁਸ਼ੀ ਆ ਗਈ ਤੇ ਉਸ ਨੇ ਖੁਸ਼ੀ ਵਿਚ ਰਾਹੁਲ ਨੂੰ ਚੁੰਮਿਆ। ਸੁਨਿਆਰੇ ਨੇ ਨੇਹਾ ਨੂੰ ਬਹੁਤ ਸੋਹਣੇ ਝੁੱਮਕੇ ਕੱਢ ਕੇ ਦਿੱਤੇ ਜੋ ਨੇਹਾ ਦੇ ਕੰਨਾਂ ਤੇ ਬਹੁਤ ਸ਼ੋਬਦੇ ਸਨ। ਝੁੱਮਕੇ ਉਸ ਨੇ ਕੰਨਾਂ ਵਿੱਚ ਪਾਈ ਰੱਖੇ।

ਰਾਹੁਲ - ਲਿਆ ਮੈਨੂੰ ਫੜਾ ਦੇ ਸੁੱਟ ਲਵੇਗੀ ਤੂੰ। ਘਰੇ ਜਾ ਕੇ ਲੈ ਲਵੀਂ।

ਪਰ ਨੇਹਾ ਨਾ ਮੰਨੀ ਤੇ ਝੁੱਮਕੇ ਏਦਾਂ ਹੀ ਕੰਨਾਂ ਵਿੱਚ ਪਾ ਕੇ ਘਰ ਜਾਣ ਦੀ ਜ਼ਿੱਦ ਕੀਤੀ। ਰਾਹੁਲ ਉਸ ਦੀ ਜ਼ਿੱਦ ਸਾਹਮਣੇ ਕੁਝ ਨਾ ਕਰ ਸਕਿਆ। ਫਿਰ ਉਹ ਦੁਕਾਨ ਤੋਂ ਬਾਹਰ ਆ ਗਏ ਤੇ ਰਾਹੁਲ ਨੇ ਆਪਣਾ ਮੋਟਰਸਾਈਕਲ ਚਾਲੂ ਕੀਤਾ ਤੇ ਨੇਹਾ ਉਸਦੇ ਪਿੱਛੇ ਬੈਠ ਗਈ। ਦੋਵੇਂ ਓਥੋਂ ਨਿਕਲ ਗਏ।

ਮੋਟਰਸਾਈਕਲ ਤੇ ਜਾਂਦੇ ਉਹ ਆਪਣੀਆਂ ਹੀ ਗੱਲਾਂ ਵਿੱਚ ਗਵਾਚੇ ਹੋਏ ਸਨ। ਸਮਾਂ ਵੀ ਕਾਫੀ ਹੋ ਗਿਆ ਸੀ ਤੇ ਰਸਤੇ ਤੇ ਵਿਰਲੇ ਹੀ ਨਜ਼ਰ ਆਉਂਦੇ ਸਨ। ਅਚਾਨਕ ਉਹਨਾਂ ਦੇ ਕੋਲੋਂ ਦੀ ਇੱਕ ਗੱਡੀ ਲੰਘੀ ਜਿਸ ਨੇ ਕੁਝ ਪਲਾਂ ਲਈ ਬਹੁਤ ਹੀ ਸ਼ੋਰ ਸ਼ਰਾਬੇ ਵਾਲਾ ਮਾਹੌਲ ਬਣਾ ਦਿੱਤਾ। ਫਿਰ ਸ਼ਾਂਤਮਈ ਮਾਹੌਲ ਹੋ ਗਿਆ। ਰਾਹੁਲ ਤੇ ਨੇਹਾ ਫਿਰ ਆਪਣੀਆਂ ਗੱਲਾਂ ਕਰਨ ਲੱਗ ਪਏ। ਪਰ ਕੁਝ ਦੇਰ ਪਿੱਛੋਂ ਓਹੀ ਗੱਡੀ ਫਿਰ ਨਜ਼ਰ ਆਈ ਉਹਨਾਂ ਨੇ ਧਿਆਨ ਨਾ ਦਿੱਤਾ। ਫਿਰ ਜਦੋਂ ਗੱਡੀ ਉਹਨਾਂ ਦੇ ਕੋਲ ਆਈ ਤਾਂ ਇੱਕ ਦਮ ਉਹਨਾਂ ਦੇ ਮੋਟਰਸਾਈਕਲ ਸਾਹਮਣੇ ਖੜੀ ਕਰ ਦਿੱਤੀ। ਮੋਟਰਸਾਈਕਲ ਜਿਆਦਾ ਤੇਜ਼ੀ ਵਿੱਚ ਨਾ ਹੋਣ ਕਰਕੇ ਰਾਹੁਲ ਦੇ ਇੱਕ ਦੱਮ ਬ੍ਰੇਕ ਮਾਰਨ ਕਰਕੇ ਖਲੋ ਗਿਆ। ਤੇ ਉਹ ਡਿੱਗਦੇ-ਡਿੱਗਦੇ ਬਚੇ। ਪਰ ਉਹ ਦੋਵੇਂ ਪੂਰੀ ਤਰ੍ਹਾਂ ਘਬਰਾ ਗਏ। ਜਲਦੀ ਨਾਲ ਗੱਡੀ ਵਿਚੋਂ ਤਿੰਨ ਮੁੰਡੇ ਉੱਤਰੇ ਤੇ ਨੇਹਾ ਤੇ ਰਾਹੁਲ ਤੇ ਆ ਝੱਪਟੇ। ਇੱਕ ਨੇ ਉਹਨਾਂ ਨੂੰ ਡਰਾਉਣ ਲਈ ਪਿਸਤੌਲ ਕੱਢ ਲਿਆ ਤੇ ਦੂਸਰੇ ਨੇ ਚਾਕੂ ਤੇ ਤੀਜਾ ਖਾਲੀ ਹੱਥ ਸੀ। ਪਿਸਤੌਲ ਵਾਲੇ ਨੇ ਜਲਦੀ ਨਾਲ ਪਿਸਤੌਲ ਰਾਹੁਲ ਦੀ ਕੰਨ-ਪੱਟੀ ਤੇ ਰੱਖ ਦਿੱਤਾ ਤੇ ਦੂਜੇ ਦੋਨਾਂ ਨੇ ਨੇਹਾ ਨੂੰ ਫੜ ਲਿਆ ਤੇ ਝੁੱਮਕੇ ਲਾਉਣ ਲੱਗ ਪਏ। ਨੇਹਾ ਤੇ ਬਹੁਤ ਹੱਥ-ਕੰਡੇ ਅਜ਼ਮਾਏ ਪਰ ਇੱਕ ਔਰਤ ਹੋਣ ਦੇ ਕਰਕੇ ਉਹ ਕੁਝ ਨਾ ਕਰ ਸਕੀ, ਉਪਰੋਂ ਸਾਹਮਣੇ ਇੱਕ ਚਾਕੂ ਫੜੀ ਬੰਦਾ ਖੜਾ ਸੀ। ਉਹਨਾਂ ਨੇ ਜ਼ਬਰਦਸਤੀ ਨੇਹਾ ਦੇ ਝੁੱਮਕੇ ਲਾਹ ਲਏ। ਰਾਹੁਲ ਨੂੰ ਜਦੋਂ ਆਪਣੀ ਕਮਾਈ ਮਿੱਟੀ ਵਿੱਚ ਰੁਲਦੀ ਨਜ਼ਰ ਆਈ ਤਾਂ ਝੁੱਮਕੇ ਬਚਾਉਣ ਲਈ ਪਿਸਤੌਲ ਵਾਲੇ ਆਦਮੀ ਤੋਂ ਖਹਿੜਾ ਛੁਡਾ ਕੇ ਨੇਹਾ ਵੱਲ ਭੱਜਾ। ਰਾਹੁਲ ਨੂੰ ਭੱਜਦਾ ਦੇਖ ਪਿਸਤੌਲ ਵਾਲੇ ਆਦਮੀ ਨੇ ਬਿਨਾਂ ਕੋਈ ਦੇਰੀ ਕੀਤਿਆਂ ਗੋਲੀ ਚਲਾ ਦਿੱਤੀ। ਗੋਲੀ ਰਾਹੁਲ ਦੇ ਜਾ ਵੱਜੀ। ਰਾਹੁਲ ਓਥੇ ਹੀ ਡਿੱਗ ਪਿਆ। ਰਾਹੁਲ

ਦੇ ਗੋਲੀ ਵੱਜਣ ਕਰਕੇ ਨੇਹਾ ਨੇ ਉੱਚੀ ਉੱਚੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਨਿਹੱਥੇ ਆਦਮੀ ਨੇ ਜਲਦੀ ਨਾਲ ਨੇਹਾ ਦਾ ਮੂੰਹ ਘੁੱਟ ਲਿਆ ਤਾਂ ਜੋ ਉਸਦੀ ਆਵਾਜ਼ ਨਾ ਨਿੱਕਲੇ। ਪਰ ਨੇਹਾ ਦੀਆਂ ਚੀਕਾਂ ਨੇ ਇੱਕ ਸਨਸਨੀ ਜਿਹੀ ਮਚਾ ਦਿੱਤੀ। ਫਿਰ ਚਾਕੂ ਵਾਲੇ ਨੇ ਨਿਹੱਥੇ ਆਦਮੀ ਦੀ ਮਦਦ ਨਾਲ ਨੇਹਾ ਨੂੰ ਚੁੱਕ ਕੇ ਗੱਡੀ ਵਿੱਚ ਸੁੱਟ ਦਿੱਤਾ ਤੇ ਪਿਸਤੌਲ ਵਾਲਾ ਗੱਡੀ ਚਲਾਉਣ ਲੱਗ ਪਿਆ। ਰਾਹੁਲ ਓਥੇ ਹੀ ਪਿਆ ਰਿਹਾ ਤੇ ਉਹ ਤਿੰਨੇ ਆਦਮੀ ਨੇਹਾ ਨੂੰ ਗੱਡੀ ਵਿੱਚ ਪਾ ਕੇ ਓਥੋਂ ਨਿਕਲ ਗਏ।

ਉਹ ਤਿੰਨੋ ਆਦਮੀ ਨੇਹਾ ਨੂੰ ਕਿਸੇ ਘਰ ਵਿੱਚ ਲੈ ਗਏ। ਇਹ ਇੱਕ ਤਰ੍ਹਾਂ ਦਾ ਗੈਸਟ ਹਾਊਸ ਸੀ। ਉਹਨਾਂ ਗੱਡੀ ਘਰ ਦੇ ਸਾਹਮਣੇ ਜਾ ਖੜੀ ਕੀਤੀ। ਇੱਕ ਜਲਦੀ ਨਾਲ ਗੱਡੀ ਵਿਚੋਂ ਉੱਤਰਿਆ ਤੇ ਨੇਹਾ ਦਾ ਮੂੰਹ ਘੁੱਟ ਕੇ ਧੂ ਕੇ ਗੱਡੀ ਵਿਚੋਂ ਲਾਉਣ ਲੱਗ ਪਿਆ। ਦੂਜਾ ਵੀ ਜਲਦੀ ਨਾਲ ਆਇਆ ਤੇ ਨੇਹਾ ਨੂੰ ਲੱਤਾਂ ਤੋਂ ਫੜ ਲਿਆ, ਤੀਜੇ ਨੇ ਭੱਜ ਕੇ ਜਾ ਕੇ ਘਰ ਦਾ ਬੂਹਾ ਖੋਲਿਆ। ਦੋਵਾਂ ਨੇ ਨੇਹਾ ਨੂੰ ਲੱਤਾਂ ਬਾਹਾਂ ਤੋਂ ਫੜ ਕੇ ਚੁੱਕ ਲਿਆ ਤੇ ਅੰਦਰ ਵੱਲ ਨੂੰ ਲੈ ਆਏ। ਨੇਹਾ ਨੇ ਹਰ ਨਾ-ਮੁਮਕਿਨ ਕੋਸ਼ਿਸ਼ ਕੀਤੀ ਉਹਨਾਂ ਤਿੰਨਾਂ ਤੋਂ ਖਹਿੜਾ ਛਡਾਉਣ ਦੀ ਪਰ ਉਸਦਾ ਕੋਈ ਵੱਸ ਨਾ ਚੱਲਿਆ। ਉਹ ਨੇਹਾ ਨੂੰ ਚੁੱਕ ਕੇ ਅੰਦਰ ਲੈ ਗਏ।

ਨੇਹਾ ਬਹੁਤ ਹੀ ਸੋਹਣੀ ਸੀ। ਉਸਦੀ ਸੁੰਦਰਤਾ ਕਿਸੇ ਨੂੰ ਵੀ ਮੋਹਿਤ ਕਰ ਸਕਦੀ ਸੀ। ਉਸ ਨੇ ਪੰਜਾਬੀ ਸੂਟ ਪਾਇਆ ਹੋਇਆ ਸੀ। ਉਹ ਪੁਰਾਣੀਆਂ ਫ਼ਿਲਮਾਂ ਦੀ ਅਦਾਕਾਰਾ ਦੇ ਵਾਂਗੂੰ ਲਗਦੀ ਸੀ। ਤਿੰਨਾਂ ਆਦਮੀਆਂ ਨੇ ਨੇਹਾ ਨੂੰ ਚੁੱਕ ਕੇ ਇੱਕ ਬੈੱਡਰੂਮ ਵਿੱਚ ਲੈ ਗਏ। ਇੱਕ ਨੇ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ। ਉਹਨਾਂ ਨੇਹਾ ਨੂੰ ਜਾ ਬੈੱਡ ਉੱਪਰ ਪਟਕਿਆਂ। ਨੇਹਾ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਫਿਰ ਅੱਗਿਓ ਇੱਕ ਨੇ ਫੜ ਲਿਆ ਤੇ ਆਪਣੇ ਕੰਨ੍ਹੇਰੇ ਚੁੱਕ ਕੇ ਬੈੱਡ ਉੱਪਰ ਜਾ ਸੁੱਟਿਆ। ਇੱਕ ਨੇ ਨੇਹਾ ਨੂੰ ਬਾਹਾਂ ਤੋਂ ਫੜ ਲਿਆ ਤੇ ਦੂਸਰੇ ਨੇ ਲੱਤਾਂ ਤੋਂ। ਤੀਸਰੇ ਨੇ ਆਪਣੇ ਕੱਪੜੇ ਉਤਾਰਨੇ ਸ਼ੁਰੂ ਕਰ ਦਿੱਤੇ। ਨੇਹਾ ਨੂੰ ਹੁਣ ਇਹਨਾਂ ਦੇ ਇਰਾਦਿਆਂ ਦਾ ਸਪਸ਼ਟ ਰੂਪ ਦਿਖਾਈ ਦੇ ਰਿਹਾ ਸੀ। ਪਰ ਅਫ਼ਸੋਸ ਉਹ ਕੁਝ ਨਹੀਂ ਸੀ ਕਰ ਸਕਦੀ। ਕੁਝ ਪਲਾਂ ਵਿੱਚ ਹੀ ਉਸ ਨੇ ਨੇਹਾ ਨਾਲ ਦੁਰਕਰਮ ਕਰ ਦਿੱਤਾ। ਉਸ ਉਪਰੰਤ ਬਾਕੀ ਦੋਨਾਂ ਨੇ ਵੀ ਨੇਹਾ ਨਾਲ ਐਦਾਂ ਹੀ ਕੀਤਾ। ਕੁਝ ਪਲਾਂ ਵਿੱਚ ਹੀ ਉਹਨਾਂ ਨੇਹਾ ਦੀ ਜ਼ਿੰਦਗੀ ਸਵਰਗ ਤੋਂ ਨਰਕ ਕਰ ਦਿੱਤੀ। ਨੇਹਾ ਦਾ ਹਾਲ ਮਰਿਆ ਬਰਾਬਰ ਸੀ। ਉਸਦੀਆਂ ਚੀਕਾਂ ਨੇ ਪੂਰੇ ਘਰ ਨੂੰ ਹਿਲਾ ਕੇ ਰੱਖ ਦਿੱਤਾ ਸੀ। ਪਰ ਉਹਨਾਂ ਤਿੰਨਾਂ ਆਦਮੀਆਂ ਤੇ ਕੋਈ ਅਸਰ ਨਹੀਂ ਉਹਨਾਂ ਲਈ ਤੇ ਨੇਹਾ ਜਿਵੇਂ ਬਸ ਇੱਕ ਖਿਡੌਣੇ ਦੀ ਤਰ੍ਹਾਂ ਸੀ। ਜਿਸ ਨਾਲ ਖੇਡ ਕੇ ਉਹ ਆਪਣਾ ਮਨ ਪਰਚਾ ਰਹੇ ਸਨ।

ਨੇਹਾ ਦੀ ਹਾਲਤ ਦਾ ਕੋਈ ਅੰਦਾਜ਼ਾ ਵੀ ਨਹੀਂ ਸੀ ਲਗਾ ਸਕਦਾ ਕਿ ਉਹ ਕਿੰਨੀ ਪੀੜਾ ਸਹਿਣ ਕਰ ਰਹੀ ਹੈ। ਨੇਹਾ ਨਾਲ ਦੁਰਕਰਮ ਕਰਨ ਪਿੱਛੋਂ ਉਹਨਾਂ ਤਿੰਨਾਂ ਨੇ ਆਪਣੇ ਆਪਣੇ ਕੱਪੜੇ ਪਾਏ ਤੇ ਕਮਰੇ ਵਿਚੋਂ ਬਾਹਰ ਹੋ ਗਏ ਤੇ ਦਰਵਾਜ਼ੇ ਨੂੰ ਬਾਹਰੋਂ ਬੰਦ ਕਰ ਦਿੱਤਾ। ਨੇਹਾ ਓਸੇ ਤਰ੍ਹਾਂ ਹੀ ਆਪਣੀ ਹਾਲਤ ਲਈ ਖ਼ੂਨ ਦੇ ਅੱਥਰੂ ਵਹਾਉਂਦੀ ਰਹੀ। ਨੇਹਾ ਲਈ ਬਾਹਰ ਜਾਣ ਦੇ ਸਾਰੇ ਰਸਤੇ ਬੰਦ ਸਨ। ਤੇ ਨਾ ਹੀ ਉਹ ਇਸ ਹਾਲਤ ਵਿੱਚ ਕਿਤੇ ਜਾ ਸਕਦੀ ਸੀ। ਕਮਰੇ ਤੋਂ ਬਾਹਰ ਆ ਕੇ ਉਹ ਸਾਰੀ ਰਾਤ ਸ਼ਰਾਬ ਪੀਂਦੇ ਰਹੇ ਤੇ ਨਸ਼ੇ ਵਾਲੇ ਟੀਕੇ ਲਾਉਂਦੇ ਰਹੇ। ਸਾਰੀ ਰਾਤ ਐਦਾਂ ਹੀ ਲੰਘ ਗਈ।

ਅਗਲੀ ਸਵੇਰ ਇੱਕ ਆਦਮੀ ਉਠਿਆ ਤੇ ਜਿੱਥੇ ਨੇਹਾ ਪਈ ਸੀ ਉਸ ਕਮਰੇ ਵੱਲ ਵਧਿਆ। ਉਸ ਨੇ ਕਮਰੇ ਦਾ ਦਰਵਾਜ਼ਾ ਖੋਲਿਆ ਤੇ ਅੰਦਰ ਵੜ ਗਿਆ। ਨੇਹਾ ਓਸੇ ਤਰ੍ਹਾਂ ਹੀ ਬੈਡ ਉੱਪਰ ਪਈ ਹੋਈ ਸੀ ਜਿਵੇਂ ਉਹ ਰਾਤ ਸੀ। ਉਸ ਆਦਮੀ ਨੇ ਫਿਰ ਨੇਹਾ ਨਾਲ ਰਾਤ ਵਾਂਗੂੰ ਹੀ ਜ਼ਬਰਦਸਤੀ ਕਰਨੀ ਸ਼ੁਰੂ ਕਰ ਦਿੱਤੀ। ਨੇਹਾ ਦੀ ਵਿਰੋਧਤਾ ਦੀ ਹੱਦ ਖਤਮ ਹੋ ਗਈ। ਇਸ ਤੋਂ ਬਾਅਦ ਇਹ ਤਿੰਨੋਂ ਆਦਮੀ ਨੇਹਾ ਨਾਲ ਰੋਜ਼ ਜਾਨਵਰਾਂ ਵਾਲਾ ਵਿਵਹਾਰ ਕਰਦੇ ਰਹੇ। ਉਸ ਨੂੰ ਨਸ਼ੇ ਦੇ ਟੀਕੇ ਲਗਾਉਂਦੇ, ਜ਼ਬਰਦਸਤੀ ਸ਼ਰਾਬ ਪਿਆਲਦੇ, ਰੋਟੀ ਘੱਟ ਖਵਾਲਦੇ ਤੇ ਸੋਸ਼ਣ ਜਿਆਦਾ ਕਰਦੇ। ਐਦਾਂ ਹੀ ਕਰੀਬ ਇੱਕ ਮਹੀਨਾ ਲੰਘ ਗਿਆ। ਇਸ ਇੱਕ ਮਹੀਨੇ ਵਿੱਚ ਨੇਹਾ ਸਿਰਫ ਇੱਕ ਲਾਸ਼ ਦੀ ਤਰ੍ਹਾਂ ਹੀ ਰਹਿ ਗਈ ਸੀ ਜਾਂ ਸਿਰਫ ਇੱਕ ਖਿਡੌਣਾ। ਜਾਨਵਰ ਆਉਂਦੇ ਸੀ ਤੇ ਆਪਣੀ ਹਵਸ਼ ਦਾ ਸ਼ਿਕਾਰ ਬਣਾ ਲੈਂਦੇ ਸੀ। ਐਥੋਂ ਤੱਕ ਕਿ ਨੇਹਾ ਨੇ ਇਹਨਾਂ ਦਿਨਾਂ ਵਿੱਚ ਆਪਣੇ ਤਨ ਨੂੰ ਇੱਕ ਵਾਰ ਵੀ ਨਹੀਂ ਸੀ ਢੱਕਿਆ। ਉਸਨੂੰ ਇੰਝ ਜਾਪਣ ਲੱਗ ਪਿਆ ਸੀ ਜਿਵੇਂ ਹੁਣ ਇਸ ਤੋਂ ਅੱਗੇ ਉਸ ਦੀ ਜ਼ਿੰਦਗੀ ਖ਼ਤਮ ਹੈ। ਨੇਹਾ ਨੇ ਇੱਕ ਦੋ ਵਾਰ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਵੀ ਕੀਤੀ। ਪਰ ਨਾ-ਕਾਮ ਰਹੀ।

ਇੱਕ ਦਿਨ ਉਹ ਤਿੰਨੋਂ ਪਾਪੀ ਘਰ ਤੋਂ ਬਾਹਰ ਗਏ ਸਨ ਤੇ ਨੇਹਾ ਦਾ ਕਮਰਾ ਬੰਦ ਕਰਨਾ ਭੁੱਲ ਗਏ। ਨੇਹਾ ਨੇ ਇਸ ਮੌਕੇ ਦਾ ਫਾਇਦਾ ਚੁੱਕਿਆ ਤੇ ਕਮਰੇ ਵਿੱਚ ਪਈ ਇੱਕ ਅਲਮਾਰੀ ਵਿੱਚੋਂ ਇੱਕ ਕੁੜਤਾ ਕੱਢਿਆ ਤੇ ਪਾ ਲਿਆ। ਇਹ ਇੱਕ ਚਿੱਟੇ ਰੰਗ ਦਾ ਕੁੜਤਾ ਸੀ। ਜੋ ਨੇਹਾ ਦੇ ਮੇਚ ਦਾ ਬਿਲਕੁਲ ਨਹੀਂ ਸੀ। ਪਰ ਨੇਹਾ ਦੇ ਹੱਥ ਜੋ ਪਹਿਲਾਂ ਲੱਗਾ ਉਸ ਨੇ ਪਾ ਕੇ ਓਥੋਂ ਨਿਕਲਣ ਦੀ ਕੀਤੀ। ਜਦੋਂ ਉਹ ਘਰ ਤੋਂ ਬਾਹਰ ਆਈ ਤਾ ਉਸਨੇ ਦੇਖਿਆ ਕਿ ਐਥੇ ਤਾਂ ਸਿਰਫ ਇੱਕ ਹੀ ਘਰ ਸੀ ਜਿਸ ਵਿੱਚ ਨੇਹਾ ਕੈਦ ਸੀ ਹੋਰ ਆਸ-ਪਾਸ ਦੂਰ-ਦੂਰ ਤੱਕ ਕੋਈ ਘਰ ਨਜ਼ਰ ਨਹੀਂ ਸੀ ਆਉਂਦਾ। ਨੇਹਾ ਪੈਰਾਂ ਤੋਂ ਨੰਗੀ ਸੀ ਤੇ ਵਾਲ ਖਿਲਰੇ ਹੋਏ ਸਨ। ਉਹ ਜਲਦੀ ਨਾਲ ਓਥੋਂ ਭੱਜੀ ਜਿੱਧਰ ਵੀ ਉਸ ਨੂੰ ਰਸਤਾ ਨਜ਼ਰ ਆਇਆ। ਕਾਫੀ ਦੇਰ ਭੱਜਣ ਪਿੱਛੋਂ ਉਹ ਇੱਕ ਸੁਮੰਦਰ ਕਿਨਾਰੇ ਪੁੱਜ ਗਈ। ਜਿਥੋਂ ਤੱਕ ਨਜ਼ਰ ਜਾਵੇ ਬਸ ਸੁਮੰਦਰ ਹੀ ਸੀ। ਉਹ ਜਾ ਕੇ ਕਿਨਾਰੇ ਤੇ ਬੈਠ ਗਈ। ਕੁਝ ਦੇਰ

ਬੈਠਣ ਪਿੱਛੋਂ ਉਹ ਆਪਣੀ ਹਾਲਤ ਲਈ ਉੱਚੀ-ਉੱਚੀ ਰੋਣ ਲੱਗ ਪਈ। ਉਸਦੀ ਆਵਾਜ਼ ਸੁਣਨ ਵਾਲਾ ਐਥੇ ਕੋਈ ਨਹੀਂ ਸੀ ਜਾਪਦਾ। ਉਸਦੀ ਆਵਾਜ਼ ਸੁਮੰਦਰ ਦੇ ਪਾਣੀ ਵਾਂਗ ਗੂੰਜ ਰਹੀ ਸੀ।

ਪਰ ਅਫ਼ਸੋਸ ਉਸ ਨੂੰ ਆਪਣੇ ਅੱਗੇ ਪਿੱਛੇ ਕੁਝ ਨਜ਼ਰ ਨਹੀਂ ਸੀ ਆ ਰਿਹਾ। ਉਸਦੀ ਜ਼ਿੰਦਗੀ ਤਾਂ ਰੇਤ ਉੱਪਰ ਲਿਖੇ ਜਾਣ ਵਾਲੇ ਨਾਮ ਬਰਾਬਰ ਲੱਗ ਰਹੀ ਸੀ ਜੋ ਪਾਣੀ ਦੀ ਇੱਕ ਲਹਿਰ ਕਾਰਨ ਮਿੱਟਦੀ ਜਾ ਰਹੀ ਸੀ। ਕਾਫੀ ਦੇਰ ਸੋਚਣ ਤੋਂ ਬਾਅਦ ਉਸ ਨੂੰ ਆਪਣੀ ਜ਼ਿੰਦਗੀ ਨੂੰ ਬਸ ਐਥੇ ਹੀ ਖ਼ਤਮ ਕਰਨਾ ਸਹੀ ਲੱਗਾ। ਉਸਨੇ ਆਪਣੇ ਅੱਥਰੂ ਪੂੰਝੇ ਤੇ ਉੱਠ ਕੇ ਸੁਮੰਦਰ ਵੱਲ ਨੂੰ ਤੁਰ ਪਈ। ਅਜੇ ਉਸ ਨੇ ਸੁਮੰਦਰ ਵਿੱਚ ਡੁਬਕੀ ਮਾਰੀ ਹੀ ਸੀ ਕਿ ਇੱਕ ਆਦਮੀ ਨੇ ਦੇਖ ਲਿਆ। ਉਹ ਜਲਦੀ ਨਾਲ ਨੇਹਾ ਵੱਲ ਨੂੰ ਭੱਜਾ ਤੇ ਮੰਗਰੇ ਹੀ ਡੁੱਬਕੀ ਮਾਰ ਦਿੱਤੀ। ਉਸ ਨੇ ਨੇਹਾ ਨੂੰ ਮਰਨ ਤੋਂ ਬਚਾ ਲਿਆ ਤੇ ਬਚਾ ਕੇ ਬਾਹਰ ਕੱਢ ਲਿਆਂਦਾ। ਪਾਣੀ ਨੇਹਾ ਦੇ ਅੰਦਰ ਤੱਕ ਚਲਾ ਗਿਆ ਸੀ। ਉਸ ਆਦਮੀ ਨੇ ਨੇਹਾ ਦੇ ਢਿੱਡ ਨੂੰ ਦਬਾ ਕੇ ਪਾਣੀ ਬਾਹਰ ਕੱਢਿਆ। ਉਸ ਤੋਂ ਬਾਅਦ ਨੇਹਾ ਨੂੰ ਹੋਸ਼ ਆਈ ਤੇ ਉਹ ਫਿਰ ਉੱਚੀ ਉੱਚੀ ਰੋਣ ਲੱਗ ਪਈ। ਉਸ ਆਦਮੀ ਨੇ ਨੇਹਾ ਨੂੰ ਚੁੱਪ ਕਰਾਉਂਦੇ ਆਖਿਆ...

ਆਦਮੀ - ਚੁੱਪ ਕਰ ਭੈਣਾਂ ਕੀ ਗੱਲ ਹੋਈ ਆ ਕਿਉਂ ਮਰਨ ਲੱਗੀ ਸੀ?

ਉਸ ਆਦਮੀ ਦੀ ਗੱਲ ਸੁਣ ਕੇ ਨੇਹਾ ਹੋਰ ਉੱਚੀ ਉੱਚੀ ਰੋਣ ਲੱਗ ਪਈ।

ਉਸ ਆਦਮੀ ਨੇ ਫਿਰ ਨੇਹਾ ਨੂੰ ਬੜੇ ਜ਼ੋਰ ਨਾਲ ਚੁੱਪ ਕਰਾਇਆ ਤੇ ਆਪਣੇ ਬਾਰੇ ਦੱਸਿਆ।

ਆਦਮੀ - ਮੇਰਾ ਨਾਮ ਬਲਰਾਮ ਹੈ ਤੇ ਥੋੜੀ ਹੀ ਦੂਰ ਮੇਰਾ ਘਰ ਹੈ। ਤੂੰ ਦੱਸ, ਤੂੰ ਐਥੇ ਕਿੱਦਾਂ ਆਈ। ਨਾਲੇ ਮਰਨ ਕਿਉਂ ਲੱਗੀ ਸਾਂ?

ਨੇਹਾ ਨੇ ਆਪਣੇ ਅੱਥਰੂ ਪੂੰਝੇ ਤੇ ਬਲਰਾਮ ਨੂੰ ਆਪਣੇ ਬਾਰੇ ਦੱਸਿਆ, ਬਲਰਾਮ ਉਸ ਨੂੰ ਸਹੀ ਬੰਦਾ ਲੱਗਾ ਜੋ ਕਿ ਉਸਦੀ ਮਦਦ ਕਰ ਰਿਹਾ ਸੀ। ਉਸ ਨੇ ਬਲਰਾਮ ਨੂੰ ਆਪਣੀ ਸਾਰੀ ਹੱਡ-ਬੀਤੀ ਸੁਣਾਈ ਜਿਵੇਂ-ਜਿਵੇਂ ਉਸ ਨਾਲ ਹੋਈ ਸੀ। ਬਲਰਾਮ ਨੇ ਉਸ ਦੀ ਸਾਰੀ ਗੱਲ ਬੜੇ ਧਿਆਨ ਨਾਲ ਸੁਣੀ ਤੇ ਫਿਰ ਉਸ ਨੂੰ ਦਿਲਾਸਾ ਦਿੰਦੇ ਹੋਏ ਆਖਿਆ।

ਬਲਰਾਮ - ਚੱਲ ਕੋਈ ਨਾ ਭੈਣਾਂ ਹੁਣ ਤੂੰ ਘਬਰਾ ਨਾ ਮੈਂ ਤੇਰੇ ਨਾਲ ਹਾਂ ਤੇਰਾ ਵਾਲ ਵੀ ਵਿੰਗਾ ਨਹੀਂ ਹੋਣ ਦੇਂਦਾ। ਚੱਲ ਉੱਠ ਆ ਥੋੜੀ ਹੀ ਦੂਰ ਮੇਰਾ ਘਰ ਆ।

ਨੇਹਾ ਨੇ ਉਸ ਆਦਮੀ ਤੇ ਭਰੋਸਾ ਜਤਾਇਆ ਤੇ ਉੱਠ ਕੇ ਉਸ ਦੇ ਨਾਲ ਤੁਰ ਪਈ। ਕੁਝ ਦੇਰ ਜਾਣ ਪਿੱਛੋਂ ਉਹ ਇੱਕ ਘਰ ਪੁੱਜੇ ਜਿਸ ਨੂੰ ਬਲਰਾਮ ਆਪਣਾ ਦੱਸਦਾ ਸੀ। ਘਰ ਵਿੱਚ ਕੋਈ ਨਹੀਂ ਸੀ। ਨੇਹਾ ਨੇ ਪੁੱਛਿਆ..

ਨੇਹਾ - ਕੀ ਏਥੇ ਤੁਹਾਡੇ ਬਿਨਾਂ ਕੋਈ ਨਹੀਂ ਰਹਿੰਦਾ?

ਬਲਰਾਮ - ਨਹੀਂ ਏਥੇ ਬੱਸ ਮੈਂ ਰਹਿੰਦਾ ਹਾਂ, ਮੱਛੀਆਂ ਫੜਦਾ ਹਾਂ ਤੇ ਸ਼ਹਿਰ ਵੇਚਦਾ ਹਾਂ। ਤੂੰ ਡਰ ਨਾ ਅੱਜ ਦਾ ਵਕਤ ਲੰਘਾ ਤੇ ਸਵੇਰੇ ਮੈਂ ਤੈਨੂੰ ਸ਼ਹਿਰ ਛੱਡ ਆਵਾਂਗਾ।

ਨੇਹਾ ਨੂੰ ਹੋਰ ਕੋਈ ਰਾਹ ਵੀ ਨਜ਼ਰ ਨਾ ਆਇਆ ਤੇ ਉਸਨੂੰ ਓਸੇ ਘਰ ਰਹਿਣਾ ਸਹੀ ਲੱਗਾ।

ਬਲਰਾਮ - ਚੱਲ ਤੂੰ ਆਰਾਮ ਕਰ ਮੈਂ ਰਾਤ ਦੇ ਖਾਣੇ ਦਾ ਪ੍ਰਬੰਧ ਕਰ ਕੇ ਲਿਆਉਂਦਾ ਹਾਂ।

ਐਨਾ ਕਹਿ ਕੇ ਬਲਰਾਮ ਓਥੋਂ ਰਾਤ ਦੇ ਭੋਜਨ ਦਾ ਪ੍ਰਬੰਧ ਕਰਨ ਲਈ ਨਿਕਲ ਗਿਆ ਤੇ ਨੇਹਾ ਘਰ ਦੇ ਅੰਦਰ ਚਲੀ ਗਈ। ਇਹ ਘਰ ਇੱਕ ਕੁਟੀਆ ਸਮਾਨ ਸੀ। ਬਸ ਰਹਿਣ ਲਈ ਛੋਟੇ ਜਿਹੇ ਆਸਰੇ ਵਾਂਗ। ਨੇਹਾ ਘਰ ਅੰਦਰ ਜਾ ਕੇ ਭੁੰਝੇ ਵਿਛੀ ਇੱਕ ਚਾਰਪਾਈ ਤੇ ਜਾ ਕੇ ਲੇਟ ਗਈ ਤੇ ਜਲਦੀ ਹੀ ਉਸ ਨੂੰ ਨੀਂਦ ਆ ਗਈ।

ਸ਼ਾਮ ਹੋ ਗਈ ਤੇ ਅਚਾਨਕ ਦਰਵਾਜ਼ਾ ਖੱਟਕਿਆ। ਨੇਹਾ ਨੇ ਜਦਲੀ ਨਾਲ ਦਰਵਾਜ਼ਾ ਖੋਲਿਆ। ਉਹ ਹੈਰਾਨ ਹੋ ਗਈ ਕਿਉਂਕਿ ਬਲਰਾਮ ਦੇ ਨਾਲ ਇੱਕ ਅੱਧ-ਖੜ ਉਮਰ ਦੀ ਔਰਤ ਸੀ ਤੇ ਨਾਲ ਬਲਰਾਮ ਤੋਂ ਇਲਾਵਾ ਦੋ ਆਦਮੀ ਹੋਰ ਸਨ ਜੋ ਕੇ ਇੱਕ ਗੱਡੀ ਵਿਚ ਆਏ ਸਨ। ਨੇਹਾ ਨੂੰ ਦੇਖਦੇ ਹੀ ਉਹ ਔਰਤ ਬੋਲੀ..

ਔਰਤ - ਬਲਰਾਮ ਤੂੰ ਤਾਂ ਕਹਿੰਦਾ ਸੀ ਕੁੜੀ ਠੀਕ ਠਾਕ ਹੈ ਪਰ ਇਹ ਤਾਂ ਪੂਰਾ ਮਾਲ ਹੈ। ਜਾ, ਤੂੰ ਵੀ ਕੀ ਯਾਦ ਕਰੇਗਾ ਕੀਮਤ ਦੁਗਣੀ ਮਿਲੂਗੀ।

ਬਲਰਾਮ - ਸ਼ੁਕਰੀਆ ਜਾਨਕਾ ਬਾਈ।

ਨੇਹਾ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਇਹ ਸਭ ਹੋ ਕੀ ਰਿਹਾ ਸੀ ਉਹ ਸਭ ਨੂੰ ਬੜੀ ਹੈਰਾਨੀ ਭਰੀ ਨਜ਼ਰ ਨਾਲ ਦੇਖ ਰਹੀ ਸੀ। ਉਸੇ ਵਕਤ ਜਾਨਕਾ ਬਾਈ ਨੇਹਾ ਵੱਲ ਨੂੰ ਵਧੀ ਤੇ ਉਸ ਨੂੰ ਠੋਡੀ ਤੋਂ ਫੜ ਕੇ ਕਿਹਾ...

ਜਾਨਕਾ ਬਾਈ - ਕਿੰਨੀ ਉਮਰ ਆ ਤੇਰੀ ਕੁੜੀਏ?

ਨੇਹਾ ਨੇ ਸਹਿਮੀ ਜਿਹੀ ਆਵਾਜ਼ ਵਿੱਚ ਕਿਹਾ...

ਨੇਹਾ - ਛੱਬੀ ਸਾਲ।

ਨੇਹਾ ਦੀ ਐਨੀ ਗੱਲ ਸੁਣ ਕੇ ਜਾਨਕਾ ਬਾਈ ਆਪਣੀ ਗੱਡੀ ਵੱਲ ਨੂੰ ਵਧੀ ਤੇ ਨਾਲ ਵਾਲੇ ਬੰਦਿਆਂ ਨੂੰ ਕਿਹਾ...

ਜਾਨਕਾ ਬਾਈ - ਲਿਆਓ ਭੀ ਇਹਨੂੰ ਗੱਡੀ ਚ'।

ਜਾਨਕਾ ਬਾਈ ਦਾ ਹੁਕਮ ਸੁਣਦੇ ਸਾਰ ਨਾਲ ਵਾਲੇ ਬੰਦਿਆਂ ਨੇ ਨੇਹਾ ਨੂੰ ਬਾਹਾਂ ਤੋਂ ਫੜ ਕੇ ਧੱਕੇ ਨਾਲ ਗੱਡੀ ਵਿਚ ਬਿਠਾ ਦਿੱਤਾ। ਫਿਰ ਇੱਕ ਬੰਦੇ ਨੇ ਬਲਰਾਮ ਨੂੰ ਕੁਝ ਪੈਸੇ ਦਿੱਤੇ। ਇਹ ਦੇਖ ਨੇ ਨੇਹਾ ਨੂੰ ਸਮਝ ਆ ਗਿਆ ਕਿ ਜਿਸ ਬੰਦੇ ਨੇ ਉਸ ਨੂੰ ਭੈਣ ਕਿਹਾ ਸੀ ਓਸੇ ਨੇ ਉਸ ਦਾ ਮੁੱਲ ਪਾ ਦਿੱਤਾ। ਨੇਹਾ ਚੀਕਾਂ ਮਾਰਦੀ ਰਹੀ ਪਰ ਹੁਣ ਕੋਈ ਫਾਇਦਾ ਨਹੀਂ ਸੀ ਉਸ ਦਾ ਇਸ ਤਰ੍ਹਾਂ ਚੀਕਾਂ ਮਾਰਨ ਦਾ। ਬਲਰਾਮ ਨੇ ਆਪਣੇ ਪੈਸੇ ਲਏ ਤੇ ਓਥੇ ਹੀ ਰੁੱਕ ਗਿਆ ਬਾਕੀ ਨਾਲ ਵਾਲੇ ਦੋਵੇਂ ਬੰਦੇ ਜਾਨਕਾ ਬਾਈ ਦੇ ਨਾਲ ਗੱਡੀ ਵਿੱਚ ਬੈਠ ਕੇ ਓਥੋਂ ਨਿਕਲ ਗਏ।

ਕੁਝ ਦੇਰ ਪਿੱਛੋਂ ਉਹ ਇੱਕ ਸ਼ਹਿਰ ਆ ਪੁੱਜੇ। ਉਹਨਾਂ ਗੱਡੀ ਇੱਕ ਬਾਜ਼ਾਰੂ ਔਰਤਾਂ ਦੇ ਕਸਬੇ ਵਿੱਚ ਜਾ ਖੜੀ ਕੀਤੀ। ਜਾਨਕਾ ਬਾਈ ਗੱਡੀ ਵਿਚੋਂ ਉਤਰੀ ਤੇ ਨਾਲ ਹੀ ਦੋਵੇਂ ਆਦਮੀ ਵੀ ਉੱਤਰ ਗਏ। ਉਹਨਾਂ ਜਲਦੀ ਨਾਲ ਨੇਹਾ ਨੂੰ ਵੀ ਗੱਡੀ ਵਿੱਚੋ ਉਤਾਰਿਆ। ਨੇਹਾ ਬਿਲਕੁਲ ਚੁੱਪ ਬੈਠੀ ਸੀ। ਕਿਉਂਕਿ ਉਸਨੂੰ ਅਹਿਸਾਸ ਹੋ ਗਿਆ ਸੀ ਹੁਣ ਉਸ ਨੂੰ ਇਸ ਰਾਹ ਵਿਚੋਂ ਕੋਈ ਨਹੀਂ ਕੱਢ ਸਕਦਾ ਇਸ ਲਈ ਚੁੱਪ ਰਹਿਣਾ ਹੀ ਬੇਹਤਰ ਹੈ। ਗੱਡੀ ਵਿਚੋਂ ਉਤਰਨ ਪਿੱਛੋਂ ਉਹ ਇੱਕ ਚੁਬਾਰੇ ਵੱਲ ਨੂੰ ਵਧੇ ਜੋ ਕਿ ਇੱਕ ਕੋਠਾ ਸੀ। ਜਿਥੇ ਨੇਹਾ ਤੋਂ ਵੀ ਛੋਟੀ ਤੇ ਵੱਡੀ ਉਮਰ ਦੀਆਂ ਤੇ ਸੋਹਣੀਆਂ ਸੋਹਣੀਆਂ ਕੁੜੀਆਂ ਪਹਿਲਾਂ ਹੀ ਹਾਜ਼ਰ ਸਨ। ਨੇਹਾ ਇਸ ਮਾਹੌਲ ਨੂੰ ਦੇਖ ਕੇ ਆਪਣੇ ਆਪ ਨੂੰ ਕੋਸ਼ ਰਹੀ ਸੀ ਕਿ ਉਸਨੂੰ ਮੌਤ ਕਿਉਂ ਨਹੀਂ ਆ ਰਹੀ। ਪਰ ਉਸਦਾ ਤਾਂ ਹੁਣ ਮਰਨ ਉਪਰ ਵੀ ਆਪਣਾ ਹੱਕ ਨਹੀਂ ਸੀ ਰਿਹਾ। ਬੱਸ ਉਹ ਦਿਨ ਕੱਟ ਰਹੀ ਸੀ। ਓਥੇ ਹਾਜ਼ਿਰ ਸਾਰੀਆਂ ਔਰਤਾਂ ਜਾਨਕਾ ਬਾਈ ਨੂੰ ਸਲਾਮ ਕਰ ਰਹੀਆਂ ਸਨ। ਜਿਸ ਤੋਂ ਸਾਫ ਜ਼ਾਹਿਰ ਹੁੰਦਾ ਸੀ ਕਿ ਜਾਨਕਾ ਬਾਈ ਸਭ ਦੀ ਪ੍ਰਧਾਨ ਹੋਵੇ। ਜਾਨਕਾ ਬਾਈ ਨੇ ਦੋ ਔਰਤਾਂ ਨੂੰ ਆਵਾਜ਼ ਮਾਰੀ...

ਜਾਨਕਾ ਬਾਈ - ਸ਼ਰਮੀਲਾ, ਵੰਦਨਾ ਏਧਰ ਆਵੋ। ਲੈ ਕੇ ਜਾਵੋ ਇਸ ਨੂੰ ਤੇ ਤਿਆਰ ਕਰ ਕੇ ਮੇਰੇ ਕਮਰੇ ਵਿੱਚ ਲੈ ਕੇ ਆਵੋ।

ਜਾਨਕਾ ਬਾਈ ਦੀ ਗੱਲ ਸੁਣਦੇ ਹੀ ਦੋਵੇਂ ਔਰਤਾਂ ਨੇਹਾ ਨੂੰ ਨਾਲ ਲੈ ਕੇ ਇੱਕ ਕਮਰੇ ਵਿੱਚ ਚਲੀਆਂ ਗਈਆਂ। ਨੇਹਾ ਵੀ ਚੁੱਪ ਚਾਪ ਉਹਨਾਂ ਦੇ ਨਾਲ ਚਲੀ ਗਈ।

ਕੁਝ ਦੇਰ ਪਿੱਛੋਂ ਸ਼ਰਮੀਲਾ ਨੇਹਾ ਨੂੰ ਤਿਆਰ ਕਰ ਕੇ ਜਾਨਕਾ ਬਾਈ ਦੇ ਕਮਰੇ ਵਿੱਚ ਲੈ ਗਈ। ਜਾਨਕਾ ਬਾਈ ਇੱਕ ਪਲੰਗ ਤੇ ਬੈਠੀ ਹੋਈ ਸੀ ਤੇ ਕਿਸੇ ਆਦਮੀ ਨਾਲ ਗੱਲ ਕਰ ਰਹੀ ਸੀ।

ਜਾਨਕਾ ਬਾਈ - ਸੇਠ ਜੀ ਦਾਮ ਤਾਂ ਐਨਾ ਹੀ ਲੱਗੇਗਾ। ਬਾਕੀ ਆਪ ਖ਼ੁੱਦ ਮਾਲ ਦੇਖ ਲਿਓ। ਨਾਲੇ ਤੁਹਾਨੂੰ ਕਦੇ ਮਾੜਾ ਮਾਲ ਦਿੱਤਾ ਹੈ।

ਸੇਠ - ਓਹ ਤਾਂ ਹੈ ਜਾਨਕਾ ਬਾਈ, ਪਰ ਇਸ ਵਾਰ ਦਾਮ ਕੁਝ ਜਿਆਦਾ ਵਧਾ ਦਿੱਤਾ ਤੁਸੀਂ।

ਜਾਨਕਾ ਬਾਈ - ਸੇਠ ਜੀ ਮਾਲ ਵੀ ਤਾਂ ਦੇਖੋ।

ਐਨੇ ਨੂੰ ਨੇਹਾ ਉਹਨਾਂ ਦੇ ਕੋਲ ਆ ਪੁੱਜੀ। ਨੇਹਾ ਇਹ ਸਭ ਸੁਣ ਚੁਕੀ ਸੀ। ਨੇਹਾ ਨੂੰ ਦੇਖਦੇ ਹੀ ਜਾਨਕਾ ਬਾਈ ਨੇ ਕਿਹਾ ..

ਜਾਨਕਾ ਬਾਈ - ਲਵੋ ਸੇਠ ਜੀ ਆ ਗਿਆ ਆਪ ਦਾ ਮਾਲ, ਨਜ਼ਰ ਮਾਰ ਲੋ ਇੱਕ ਵਾਰ।

ਸੇਠ ਨੇਹਾ ਨੂੰ ਦੇਖ ਕੇ ਦੰਗ ਹੀ ਰਹਿ ਗਿਆ। ਨੇਹਾ ਜਾਨਕਾ ਦੀ ਤਰੀਫ ਤੋਂ ਕੀਤੇ ਜਿਆਦਾ ਸੋਹਣੀ ਸੀ। ਸੇਠ ਨੇ ਬਿਨਾਂ ਕੋਈ ਦੇਰੀ ਕੀਤੇ ਜਾਨਕਾ ਬਾਈ ਨੂੰ ਆਖਿਆ..

ਸੇਠ - ਠੀਕ ਹੈ ਜਾਨਕਾ ਬਾਈ ਮੈਂ ਓਨੀ ਹੀ ਕੀਮਤ ਦੇਵਾਂਗਾ ਜਿੰਨੀ ਤੁਸੀਂ ਕਹੋ।

ਸੇਠ ਨੇ ਜਲਦੀ ਨਾਲ ਜਾਨਕਾ ਬਾਈ ਨੂੰ ਪੈਸੇ ਦਿੱਤੇ ਤੇ ਨੇਹਾ ਨੂੰ ਬਾਹੋਂ ਫੜ ਕੇ ਇੱਕ ਕਮਰੇ ਵੱਲ ਲੈ ਗਿਆ। ਨੇਹਾ ਨੂੰ ਸਮਝ ਆ ਗਿਆ ਸੀ ਕੇ ਹੁਣ ਨਿੱਤ ਉਸਦੀ ਬੋਲੀ ਲੱਗੇਗੀ ਤੇ ਮੁੱਲ ਪਵੇਗਾ। ਪਰ ਉਸਦਾ ਕੋਈ ਵੱਸ ਨਹੀਂ ਸੀ। ਉਹ ਜਾਨਵਰਾਂ ਦੇ ਚੁੰਗਲ ਚੋ' ਮਸਾਂ ਛੁੱਟੀ ਸੀ ਤੇ ਫਿਰ ਜੰਗਲ ਵਿੱਚ ਹੀ ਫੱਸ ਗਈ ਸੀ। ਜਿਸ ਵਿਚੋਂ ਬਾਹਰ ਜਾਣ ਦਾ ਕੋਈ ਰਸਤਾ ਨਜ਼ਰ ਨਹੀਂ ਸੀ ਆਉਂਦਾ।

ਕਮਰੇ ਵਿੱਚ ਜਾ ਕੇ ਸੇਠ ਨੇ ਦਰਵਾਜੇ ਨੂੰ ਕੁੰਡੀ ਲਗਾ ਲਈ ਤੇ ਨੇਹਾ ਦਾ ਅਪਰਾਧੀ ਬਣਨਲਈ ਤਿਆਰ ਹੋ ਗਿਆ। ਨੇਹਾ ਤਾਂ ਬਸ ਹੁਣ ਇੱਕ ਕਠਪੁਤਲੀ ਦੀ ਤਰ੍ਹਾਂ ਸੀ ਜਿਵੇਂ ਕੋਈ ਚਾਉਂਦਾ ਸੀ ਨਚਾਈ ਜਾਂਦਾ ਸੀ। ਨੇਹਾ ਨੇ ਸੇਠ ਦਾ ਕੋਈ ਵਿਰੋਧ ਨਾ ਕੀਤਾ ਤੇ ਆਪਣਾ ਸੋਸ਼ਣ ਕਰਵਾਉਣ ਲਈ ਤਿਆਰ ਹੋ ਗਈ। ਇਹ ਲਗਾਤਾਰ ਹੋਣ ਲੱਗ ਪਿਆ।

ਕੀ ਨੇਹਾ ਦੀ ਪੀੜ ਸਿਰਫ ਜਿਸਮਾਨੀ ਸੀ? ਜਿਸਮਾਨੀ ਪੀੜਾ ਤੱਦ ਤੱਕ ਹੀ ਹੁੰਦੀ ਹੈ ਜੱਦ ਤੱਕ ਜਿਸਮ ਉਸਨੂੰ ਝੱਲਦਾ ਰਹਿੰਦਾ ਹੈ। ਜਦੋਂ ਜਿਸਮਾਨੀ ਪੀੜਾ ਹੋਣੀ ਖ਼ਤਮ ਹੋ ਜਾਂਦੀ ਤਾਂ ਫਿਰ ਪੀੜ ਰੂਹ ਤੱਕ ਜਾਂਦੀ ਹੈ। ਜਿਸਮ ਦੇ ਜ਼ਖ਼ਮ ਤਾਂ ਹੋਲੀ ਹੋਲੀ ਭਰ ਜਾਂਦੇ ਨੇ ਪਰ ਰੂਹ ਦੇ ਜ਼ਖਮ ਸਾਰੀ ਉਮਰ ਤੱਕ ਬਣੇ ਰਹਿੰਦੇ ਨੇ। ਨੇਹਾ ਦੀ ਜ਼ਿੰਦਗੀ ਕੁਝ ਪਲਾਂ ਵਿੱਚ ਹੀ ਸਵਰਗ ਤੋਂ ਨਰਕ ਹੋ ਗਈ। ਇਸ ਵਿੱਚ ਦੋਸ਼ ਕਿਸਦਾ ਹੈ? ਉਹਨਾਂ ਤਿੰਨ ਜਾਨਵਰਾਂ ਦਾ? ਬਲਰਾਮ ਜਿਹੇ ਬਣੇ ਭਰਾ ਦਾ? ਜਾਨਕਾ ਬਾਈ ਦਾ? ਜਾਂ ਫਿਰ ਖ਼ੁੱਦ ਨੇਹਾ ਦਾ? ਕੁਝ ਸਵਾਲ ਹੁੰਦੇ ਨੇ ਜਿਨ੍ਹਾਂ ਲਈ ਕਦੇ ਜੁਆਬ ਨਹੀਂ ਮਿਲਦੇ। ਕਸੂਰ ਕਿਸੇ ਦਾ ਹੁੰਦਾ ਹੈ ਤੇ ਜ਼ਿੰਮੇਦਾਰ ਕਿਸੇ ਹੋਰ ਨੂੰ ਠਹਿਰਾਉਂਦੇ ਹਾਂ। ਨੇਹਾ ਵਰਗੀਆਂ ਕਿੰਨੀਆਂ ਹੀ ਔਰਤਾਂ ਨੇ ਜਿਹਨਾਂ ਨਾਲ ਇਹੋ ਜਿਹੇ ਹਾਲਤ ਬਣੇ ਹੋਣਗੇ ਤੇ ਉਹਨਾਂ ਦਾ ਸਾਥ ਦੇਣ ਵਾਲਾ ਵੀ ਕੋਈ ਨਹੀਂ ਸੀ ਤੇ ਉਹਨਾਂ ਲਈ ਜ਼ਿੰਦਗੀ ਨੂੰ ਇਸੇ ਤਰ੍ਹਾਂ ਜਿਉਣਾ ਹੀ ਧਰਮ ਬਣ ਚੁਕਾ ਹੈ। ਸਭ ਤੋਂ ਅਹਿਮ ਸਵਾਲ ਇਹ ਹੈ ਕਿ ਨੇਹਾ ਦੀ ਪੀੜ ਸਿਰਫ ਜਿਸਮਾਨੀ ਸੀ ਜਾਂ ਇਹ ਆਪਣੀ ਹੱਦ ਟੱਪ ਕੇ ਰੂਹ ਤੱਕ ਪੁੱਜ ਗਈ ਸੀ?

ਪ੍ਰੀਤ ਸਿੰਘ ਭੈਣੀ

9779324826

(ਮੇਰੇ ਨਾਲ ਇਸ ਕਹਾਣੀ ਤੇ ਸਲਾਹ ਮਸ਼ਵਰਾ ਕਰਨ ਲਈ ਤੁਸੀਂ ਮੈਨੂੰ ਕਾਲ ਜਾਂ ਵਟਸਐੱਪ ਕਰ ਸਕਦੇ ਹੋ)

**To read more stories from Preet Singh Bhaini go to the link below**

**http://punjabilibrary.com/authors/preet-singh-bhaini/**